28-Oct-3-Star.qxd 10/28/2025 8:45 PM Page 2

ਨਵੀਂ ਦਿੱਲੀ ਵਿਖੇ ਮਹਾਰਾਸ਼ਟਰ ਦੀ ਡਾ: ਸੰਪਦਾ ਮੁੰਡੇ ਦੇ ਸਰੀਰਕ ਸ਼ੋਸ਼ਣ ਅਤੇ ਖ਼ੁਦਕੁਸ਼ੀ ਨੂੰ ਲੈ ਕੇ ਮਹਾਰਾਸ਼ਟਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਯੁਵਾ ਕਾਂਗਰਸ ਦੇ ਕਾਰਕੁੰਨ। ਤਸਵੀਰ : ਸ਼ਿਆਮ ਸੁੰਦਰ

ਚੋਣ ਕਮਿਸ਼ਨ ਵਲੋਂ ਪ੍ਰਸ਼ਾਂਤ...

(ਸਫਾ 1 ਦੀ ਬਾਕੀ)

ਵਿਧਾਨ ਸਭਾ ਖੇਤਰ 'ਚ ਵੋਟਰ ਦੇ ਰੂਪ 'ਚ ਰਜਿਸਟਰਡ ਹੈ। ਕਿਸ਼ੋਰ ਨੂੰ ਤਿੰਨ ਦਿਨਾਂ ਦੇ ਅੰਦਰ ਜਵਾਬ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਧਿਕਾਰਤ ਰਿਕਾਰਡ ਦੇ ਅਨੁਸਾਰ ਕਿਸ਼ੋਰ ਪੱਛਮੀ ਬੰਗਾਲ 'ਚ 121, ਕਾਲੀਘਾਟ ਰੋਡ 'ਤੇ ਵੋਟਰ ਦੇ ਰੂਪ 'ਚ ਰਜਿਸਟਰਡ ਹੈ, ਜੋ ਕੋਲਕਾਤਾ ਦੇ ਭਵਾਨੀਪੁਰ ਵਿਧਾਨ ਸਭਾ ਦੇ ਤ੍ਰਿਣਾਮੂਲ ਕਾਂਗਰਸ ਦੇ ਮੁੱਖ ਦਫਤਰ ਦਾ ਪਤਾ ਹੈ। ਇਹ ਵਿਧਾਨ ਸਭਾ ਖੇਤਰ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦਾ ਚੋਣ ਖੇਤਰ ਹੈ। ਅਧਿਕਾਰੀ ਨੇ ਅੱਗੇ ਕਿਹਾ ਕਿ ਕਿਸ਼ੋਰ ਦਾ ਵੋਟ ਕੇਂਦਰ ਬੀ ਰਾਣੀਸ਼ੰਕਰੀ ਲੇਨ ਸਥਿਤ ਸੇਂਟ ਹੈਲਨ ਸਕੂਲ ਦੇ ਰੂਪ 'ਚ ਸੂਚੀਬੱਧ ਹੈ। ਪੱਛਮੀ ਬੰਗਾਲ 'ਚ 2021 ਦੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਕਿਸ਼ੋਰ ਨੇ ਟੀ ਐੱਮ ਸੀ ਦੇ ਲਈ ਇਕ ਰਾਜਨੀਤਕ ਸਲਾਹਕਾਰ ਦੇ ਰੂਪ 'ਚ ਕੰਮ ਕੀਤਾ ਸੀ। ਪਤੇ 'ਚ ਬਦਲਾਅ ਦੀ ਸਥਿਤੀ 'ਚ ਵਿਅਕਤੀ ਨੂੰ ਫਾਰਮ ਐੱਚ ਭਰ ਕੇ ਨਵੇਂ ਸਥਾਨ 'ਤੇ ਆਪਣਾ ਨਾਂਅ ਸ਼ਾਮਿਲ ਕਰਨ ਲਈ ਬਿਨੈ ਕਰਨਾ ਹੁੰਦਾ ਹੈ। ਫਾਰਮ ਐੱਚ ਇਸ ਗੱਲ ਦਾ ਐਲਾਨ ਹੈ ਕਿ ਉਸਨੇ ਆਪਣਾ ਆਧਾਰ ਬਦਲ ਲਿਆ ਹੈ ਅਤੇ ਆਪਣੇ ਪਹਿਲੇ ਸਥਾਨ ਦੀ ਵੋਟਰ ਸੂਚੀ 'ਚੋਂ ਨਾਂਅ ਹਟਾਉਣ ਲਈ ਸਹਿਮਤੀ ਦਿੰਦਾ ਹੈ। ਰੋਹਤਾਸ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਵਲੋਂ ਜਾਰੀ ਨੋਟਿਸ 'ਚ ਇਕ ਮੁੱਖ ਅੰਗਰੇਜ਼ੀ ਰੋਜ਼ਾਨਾ ਦੀ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿਚ ਕਿਸ਼ੋਰ ਦੇ ਮਾਮਲੇ 'ਚ ਅੰਤਰ ਦੇ ਵੱਲ ਇਸ਼ਾਰਾ ਕੀਤਾ ਗਿਆ ਹੈ। ਨੋਟਿਸ 'ਚ ਕਿਹਾ ਗਿਆ ਹੈ ਕਿ ਲੋਕਪ੍ਰਤੀਨਿਧਤਾ ਐਕਟ ਦੀ ਧਾਰਾ 31 ਕਿਸੇ ਵਿਅਕਤੀ ਨੂੰ ਇਕ ਤੋਂ ਵੱਧ ਸਥਾਨਾਂ 'ਤੇ ਵੋਟਰ ਦੇ ਰੂਪ 'ਚ ਆਪਣਾ ਨਾਂਅ ਦਰਜ ਕਰਵਾਉਣ ਤੋਂ ਰੋਕਦੀ ਹੈ ਅਤੇ ਇਸ ਦੀ ਉਲੰਘਣਾ ਇਕ ਸਾਲ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਲਈ ਸਜ਼ਾ ਯੋਗ ਹੈ।

ਭਾਰਤ ਦੀ ਸਦੀਵੀ ਵਿਰਾਸਤ 'ਚ...

(ਸਫਾ 1 ਦੀ ਬਾਕੀ)

ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਅਧਿਆਤਮਿਕ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਅਤੇ ਇਸ ਦੀ ਪ੍ਰੇਰਨਾ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਾਡਾ ਸਮੂਹਿਕ ਫਰਜ਼ ਹੈ। ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵੀ ਹਾਜ਼ਰ ਸਨ। ਯਾਹੀਆਗੰਜ ਗੁਰਦੁਆਰਾ ਸਾਹਿਬ ਵਿਖੇ ਯਾਤਰਾ ਦਾ ਸਵਾਗਤ ਕਰਨ ਲਈ ਕਰਵਾਏ ਗਏ ਇਕ ਵਿਸ਼ੇਸ਼ ਸਮਾਰੋਹ 'ਚ ਮੁੱਖ ਮੰਤਰੀ ਨੇ ਗੁਰਬਾਣੀ ਸੁਣੀ ਅਤੇ ਯਾਤਰਾ 'ਚ ਸ਼ਾਮਿਲ ਸ਼ਰਧਾਲੂਆਂ ਨੂੰ ਪੱਗਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਕਮੇਟੀ ਨੇ ਉਨ੍ਹਾਂ ਦਾ ਸਵਾਗਤ ਚੋਲੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਦੀ ਸਦੀਵੀ ਪਰੰਪਰਾ ਵਿਚ ਸਿੱਖ ਗੁਰੂਆਂ ਦਾ ਯੋਗਦਾਨ ਅਭੁੱਲਣਯੋਗ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਤੱਕ, ਧਰਮ, ਮਨੁੱਖਤਾ ਅਤੇ ਰਾਸ਼ਟਰ ਦੀ ਰੱਖਿਆ ਲਈ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ। ਮੁੱਖ ਮੰਤਰੀ ਨੇ ਕਿਹਾ ਜਿੱਥੇ ਵੀ ਗੁਰੂ ਸਾਹਿਬ ਨੇ ਆਪਣੇ ਪਵਿੱਤਰ ਚਰਨ ਪਾਏ ਉਹ ਸਥਾਨ ਰਾਮਰਾਜ ਵਾਂਗ ਪਵਿੱਤਰ ਹੋ ਗਿਆ। ਉਨ੍ਹਾਂ ਕਿਹਾ ਕਿ ਇਹ ਯਾਤਰਾ ਲੋਕਾਂ ਨੂੰ ਉਸ ਸ਼ਾਨਦਾਰ ਗੁਰੂ ਪਰੰਪਰਾ ਨਾਲ ਜੋੜਦੀ ਹੈ ਜਿਸ ਨੇ ਭਾਰਤ ਨੂੰ ਸੱਭਿਆਚਾਰ, ਹਿੰਮਤ ਅਤੇ ਕੁਰਬਾਨੀ ਦੀ ਇਕ ਨਵੀਂ ਦਿਸ਼ਾ ਦਿੱਤੀ।

ਕੈਨੇਡਾ 'ਚ ਪੰਜਾਬੀ ਕਾਰੋਬਾਰੀ....

(ਸਫਾ 1 ਦੀ ਬਾਕੀ)

ਸਰਗਰਮੀ ਨਾਲ ਭਾਲ ਕਰ ਰਹੀ ਹੈ।

ਦੋਰਾਹਾ ਨੇੜਲੇ ਪਿੰਡ ਰਾਜਗੜ੍ਹ ਦੇ ਸਨ ਦਰਸ਼ਨ ਸਿੰਘ

ਦੋਰਾਹਾ, (ਮਨਜੀਤ ਸਿੰਘ ਗਿੱਲ)- ਦਰਸ਼ਨ ਸਿੰਘ ਦੀ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਉਨ੍ਹਾਂ ਦੇ ਪਿੰਡ ਰਾਜਗੜ੍ਹ 'ਚ ਸੋਗ ਦੀ ਲਹਿਰ ਫੈਲ ਗਈ। ਪੰਜਾਬ ਭਰ ਦੇ ਵਪਾਰੀਆਂ ਵੱਲੋਂ ਦਰਸ਼ਨ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਸਾਬਕਾ ਚੇਅਰਮੈਨ ਬੰਤ ਸਿੰਘ ਦੋਬੁਰਜੀ, ਹਰਮਿੰਦਰ ਸਿੰਘ ਸਾਹਸੀ, ਉਘੇ ਸਮਾਜ ਸੇਵੀ ਗੁਰਦੀਪ ਸਿੰਘ ਬੱਲੀ ਕੈਨੇਡਾ, ਗੁਰਿੰਦਰ ਸਿੰਘ ਬੱਲ, ਨਗਰ ਕੌਂਸਲ ਪ੍ਰਧਾਨ ਸੁਰਦਰਸ਼ਨ ਕੁਮਾਰ ਪੱਪੂ, ਸਾਬਕਾ ਸਰਪੰਚ ਯਸਪਾਲ ਬਿੱਲੂ, ਸਾਬਕਾ ਸਰਪੰਚ ਨਰਿੰਦਰ ਸਿੰਘ ਰਾਜਗੜ, ਸਾਬਕਾ ਕੌਂਸਲਰ ਜਸਮਿੰਦਰ ਸਿੰਘ ਜੱਸਾ, ਟੋਨੀ ਗਰਚਾ, ਰਾਜਵਿੰਦਰ ਸਿੰਘ ਗਰੇਵਾਲ, ਰਣਜੀਤ ਸਿੰਘ ਭੁੱਟਾ, ਹਰਜੰਟ ਸਿੰਘ ਬਲਾਲਾ, ਰਣਬੀਰ ਸਿੰਘ, ਹਰਜਿੰਦਰ ਸਿੰਘ ਕੈਨੇਡਾ ਅਤੇ ਗੁਰਮੇਲ ਸਿੰਘ ਕੈਨੇਡਾ ਨੇ ਦਰਸ਼ਨ ਸਿੰਘ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਹੁਣ ਦੇਸ਼ 'ਚ ਬਣਨਗੇ...

(ਸਫਾ 1 ਦੀ ਬਾਕੀ)

ਤੋਂ ਬਾਅਦ ਅਸੀਂ ਜਹਾਜ਼ਾਂ ਦੀ ਦਰਾਮਦ ਕਰਨ ਲੱਗੇ ਸੀ। ਹੁਣ ਰੂਸ ਦੇ ਨਾਲ ਇਹ ਟਾਈਅੱਪ ਭਾਰਤ ਦੀ ਦਰਾਮਦ 'ਤੇ ਨਿਰਭਰਤਾ ਨੂੰ ਘੱਟ ਕਰ ਸਕਦਾ ਹੈ। ਐੱਚ ਏ ਐੱਲ ਭਾਰਤ ਦੀ ਇਕ ਸਰਕਾਰੀ ਕੰਪਨੀ ਹੈ, ਜੋ ਜ਼ਿਆਦਾਤਰ ਫੌਜੀ ਹਵਾਈ ਜਹਾਜ਼ ਬਣਾਉਂਦੀ ਹੈ, ਜਿਵੇਂ ਤੇਜਸ ਫਾਈਟਰ ਜੈੱਟ, ਪ੍ਰੰਤੂ ਹੁਣ ਇਹ ਸ਼ਹਿਰੀ ਹਵਾਬਾਜ਼ੀ 'ਚ ਵੀ ਦਾਖਲ ਹੋ ਰਹੀ ਹੈ। ਐੱਚ ਏ ਐੱਲ ਦਾ ਕਹਿਣਾ ਹੈ ਕਿ ਇਹ ਸਮਝੌਤਾ ਉਨ੍ਹਾਂ ਦੇ 'ਡਾਇਵਰਸੀਫਿਕੇਸ਼ਨ' ਦਾ ਹਿੱਸਾ ਹੈ। ਪੀ ਜੇ ਐੱਸ-ਯੂ ਏ ਸੀ ਰੂਸ ਦੀ ਸਰਕਾਰੀ ਏਅਰੋਸਪੇਸ ਜਾਇੰਟ ਫੌਜੀ ਅਤੇ ਸਿਵਲ ਜਹਾਜ਼ ਬਣਾਉਂਦੀ ਹੈ। ਇਸ ਦੇ ਕੋਲ ਐੱਸ ਜੇ-100 ਦੀ ਪੂਰੀ ਤਕਨਾਲੋਜੀ ਅਤੇ ਤਜਰਬਾ ਹੈ। ਯੂ ਏ ਸੀ ਨੇ 200+ ਐੱਸ ਜੇ -100 ਜਹਾਜ਼ ਬਣਾਏ ਹਨ, ਜੋ 16+ ਕਮਰਸ਼ੀਅਲ ਏਅਰਲਾਇਨਜ਼ ਅਪਰੇਟਰਜ ਦੇ ਕੋਲ ਉਡਾਣ ਭਰ ਰਹੇ ਹਨ। ਇਹ ਭਾਈਵਾਲੀ ਰੂਸ-ਭਾਰਤ ਦੇ ਲਾਂਗ ਸਟੈਂਡਿੰਗ ਡਿਫੈਂਸ ਟਾਈਅੱਪ ਨੂੰ ਸਿਵਲ ਸੈਕਟਰ 'ਚ ਲੈ ਕੇ ਜਾਂਦੀ ਹੈ। ਐੱਚ ਏ ਐੱਲ ਨੂੰ ਐੱਸ ਜੇ-100 ਬਨਾਉਣ ਦੇ 'ਰਾਈਟਸ' ਮਿਲਣਗੇ। ਮਤਲਬ ਕਿ ਭਾਰਤ 'ਚ ਲੋਕਲ ਪ੍ਰੋਡਕਸ਼ਨ ਸ਼ੁਰੂ ਹੋ ਸਕੇਗੀ। ਐੱਸ ਜੇ-100 ਜਹਾਜ਼ ਛੋਟੇ ਰੂਟਸ ਲਈ ਪ੍ਰਫੈਕਟ ਹੈ ਜੋ 75-100 ਮੁਸਾਫਿਰ ਲਿਜਾ ਸਕਦਾ ਹੈ। ਇਸਨੂੰ 00-500 ਕਿਲੋਮੀਟਰ ਦੀ ਯਾਤਰਾ ਦੇ ਲਈ ਡਿਜ਼ਾਇਨ ਕੀਤਾ ਗਿਆ ਹੈ। ਰੂਸ 'ਚ ਇਹ ਕਾਮਯਾਬ ਹੈ।

ਰਾਫੇਲ 'ਚ ਅੱਜ ਉਡਾਣ ਭਰਨਗੇ ਰਾਸ਼ਟਰਪਤੀ

ਨਵੀਂ ਦਿੱਲੀ, 28 ਅਕਤੂਬਰ (ਪੀ.ਟੀ.ਆਈ.)-ਰਾਸ਼ਟਰਪਤੀ ਭਵਨ ਵਲੋਂ ਮੰਗਲਵਾਰ ਨੂੰ ਜਾਰੀ ਬਿਆਨ 'ਚ ਕਿਹਾ ਗਿਆ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਕੱਲ੍ਹ ਹਰਿਆਣਾ ਦੇ ਅੰਬਾਲਾ ਦਾ ਦੌਰਾ ਕਰਨਗੇ ਅਤੇ ਇਸ ਤੋਂ ਬਾਅਦ ਉਹ ਰਾਫੇਲ 'ਚ ਉਡਾਣ ਵੀ ਭਰਨਗੇ। ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਅਤੇ ਪ੍ਰਤਿਭਾ ਪਾਟਿਲ ਨੇ ਕ੍ਰਮਵਾਰ 8 ਜੂਨ, 2003 ਅਤੇ 25 ਨਵੰਬਰ, 2009 ਨੂੰ ਪੁਣੇ ਨੇੜੇ ਲੋਹੇਗਾਓਂ ਦੇ ਹਵਾਈ ਸੈਨਾ ਸਟੇਸ਼ਨ 'ਤੇ ਸੁਖੋਈ-30 ਐਮ.ਕੇ.ਆਈ. ਲੜਾਕੂ ਜਹਾਜ਼ 'ਚ ਉਡਾਣ ਭਰੀ ਸੀ। ਇਸ ਤੋਂ ਪਹਿਲਾਂ 8 ਅਪ੍ਰੈਲ 2023 ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਸੁਪਰੀਮ ਕਮਾਂਡਰ ਮੁਰਮੂ, ਅਸਾਮ ਦੇ ਤੇਜ਼ਪੁਰ ਹਵਾਈ ਸੈਨਾ ਸਟੇਸ਼ਨ 'ਤੇ ਸੁਖੋਈ-30 ਐਮ.ਕੇ.ਆਈ. ਲੜਾਕੂ ਜਹਾਜ਼ 'ਚ ਉਡਾਣ ਭਰਨ ਵਾਲੀ ਤੀਜੀ ਰਾਸ਼ਟਰਪਤੀ ਅਤੇ ਰਾਜ ਦੀ ਦੂਜੀ ਮਹਿਲਾ ਮੁਖੀ ਬਣੇ ਹਨ। ਫਰਾਂਸੀਸੀ ਏਰੋਸਪੇਸ ਪ੍ਰਮੁੱਖ ਦਸੌਲਟ ਏਵੀਏਸ਼ਨ ਦੁਆਰਾ ਨਿਰਮਿਤ ਰਾਫੇਲ ਲੜਾਕੂ ਜਹਾਜ਼ਾਂ ਨੂੰ ਰਸਮੀ ਤੌਰ 'ਤੇ ਸਤੰਬਰ 2020 'ਚ ਅੰਬਾਲਾ ਦੇ ਹਵਾਈ ਸੈਨਾ ਸਟੇਸ਼ਨ ਵਿਖੇ ਭਾਰਤੀ ਹਵਾਈ ਸੈਨਾ 'ਚ ਸ਼ਾਮਿਲ ਕੀਤਾ ਗਿਆ ਸੀ। ਰਾਫੇਲ ਜਹਾਜ਼ਾਂ ਦੀ ਵਰਤੋਂ 22 ਅਪ੍ਰੈਲ ਨੂੰ ਹੋਏ ਘਿਨਾਉਣੇ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ 'ਚ ਭਾਰਤ ਦੁਆਰਾ ਆਪ੍ਰੇਸ਼ਨ ਸੰਧੂਰ 'ਚ ਕੀਤੀ ਗਈ ਸੀ।

ਡਿਲੀਵਰੀ ਬੁਆਏ ਨੇ ਲੈਫਟੀਨੈਂਟ ਦੱਸ ਕੇ ਔਰਤ ਡਾਕਟਰ ਨਾਲ ਕੀਤਾ ਜਬਰ ਜਨਾਹ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)-ਇਕ ਡਿਲੀਵਰੀ ਬੁਆਏ ਨੇ ਫ਼ੌਜ ਦੇ ਲੈਫਟੀਨੈਂਟ ਦੀ ਵਰਦੀ ਵਿਚ ਫੋਟੋ ਸੋਸ਼ਲ ਮੀਡੀਆ 'ਤੇ ਪਾਈ ਅਤੇ ਇਕ ਔਰਤ ਡਾਕਟਰ ਨਾਲ ਦੋਸਤੀ ਕਰ ਲਈ। ਵੱਖ-ਵੱਖ ਥਾਵਾਂ ਅਤੇ ਪੋਜ਼ ਵਿਚ ਤਸਵੀਰਾਂ ਪੋਸਟ ਕਰਕੇ ਖ਼ੁਦ ਨੂੰ ਉਸ ਨੇ ਕਸ਼ਮੀਰ ਵਿਚ ਤਾਇਨਾਤ ਦੱਸ ਕੇ ਔਰਤ ਡਾਕਟਰ ਨਾਲ ਮੇਲਜੋਲ ਵਧਾਇਆ। ਇਕ ਦਿਨ ਡਾਕਟਰ ਦੇ ਘਰ ਪਹੁੰਚ ਕੇ ਉਸ ਨੇ ਖਾਣੇ ਵਿਚ ਨਸ਼ੀਲੀ ਚੀਜ਼ ਦੇ ਕੇ ਡਾਕਟਰ ਨਾਲ ਜਬਰ ਜਨਾਹ ਕੀਤਾ। ਔਰਤ ਡਾਕਟਰ ਦੀ ਸ਼ਿਕਾਇਤ 'ਤੇ ਸਫ਼ਦਰਜੰਗ ਇਨਕਲੇਵ ਪੁਲਿਸ ਸਟੇਸ਼ਨ ਨੇ ਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਆਰਵ ਮਲਿਕ ਵਜੋਂ ਹੋਈ ਹੈ। ਉਹ ਛਤਰਪੁਰ ਇਲਾਕੇ ਦਾ ਰਹਿਣ ਵਾਲਾ ਹੈ। ਪੁਲਿਸ ਅਨੁਸਾਰ 27 ਸਾਲਾ ਪੀੜਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮਸਜਿਦ ਮੋਠ ਇਲਾਕੇ ਵਿਚ ਰਹਿੰਦੀ ਹੈ। ਪੀੜਤਾ ਅਨੁਸਾਰ ਅਪ੍ਰੈਲ 2025 ਵਿਚ ਇੰਸਟਾਗ੍ਰਮ 'ਤੇ ਆਰਵ ਨਾਂਅ ਦੇ ਇਕ ਨੌਜਵਾਨ ਨਾਲ ਉਸ ਦੀ ਦੋਸਤੀ ਹੋਈ ਸੀ। ਆਰਵ ਨੇ ਆਪਣੇ-ਆਪ ਨੂੰ ਫ਼ੌਜ ਵਿਚ ਲੈਫਟੀਨੈਂਟ ਦੱਸਿਆ। ਉਨ੍ਹਾਂ ਦੋਵਾਂ ਨੇ ਇਕ-ਦੂਜੇ ਦੇ ਫੋਨ ਨੰਬਰ ਵੀ ਸਾਂਝੇ ਕੀਤੇ, ਜਿਸ ਤੋਂ ਬਾਅਦ ਦੋਵੇਂ ਗੱਲਬਾਤ ਕਰਨ ਲੱਗੇ। ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਆਰਵ ਲੈਫਟੀਨੈਂਟ ਨਹੀਂ ਹੈ, ਸਗੋਂ ਡਿਲੀਵਰੀ ਬੁਆਏ ਵਜੋਂ ਕੰਮ ਕਰਦਾ ਹੈ। ਉਸ ਨੇ ਫਰਜ਼ੀ ਫ਼ੌਜੀ ਅਫ਼ਸਰ ਬਣ ਕੇ ਔਰਤ ਡਾਕਟਰ ਨਾਲ ਦੋਸਤੀ ਕਰਕੇ ਜਬਰ ਜਨਾਹ ਕੀਤਾ। ਪੁੱਛਗਿੱਛ ਦੌਰਾਨ ਆਰਵ ਨੇ ਦੱਸਿਆ ਕਿ ਉਸ ਨੇ ਦਿੱਲੀ ਕੈਂਟ ਵਿਚ ਫ਼ੌਜ ਦੀ ਵਰਦੀ ਵੇਚਣ ਵਾਲੀ ਇਕ ਦੁਕਾਨ ਤੋਂ ਵਰਦੀ ਆਨਲਾਈਨ ਮੰਗਵਾਈ ਸੀ।

ਪਾਕਿਸਤਾਨ ਦੀ ਖੁਫੀਆ...

(ਸਫਾ 1 ਦੀ ਬਾਕੀ)

ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ। ਸੂਤਰਾਂ ਅਨੁਸਾਰ ਬੀਤੇ ਦਿਨ ਪੁਲਿਸ ਵਲੋਂ ਸ਼ਿਵਪੁਰੀ ਚੌਕ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਕਿ ਇਹ ਕਥਿਤ ਦੋਸ਼ੀ ਉੱਥੇ ਜਾ ਰਹੇ ਸਨ। ਸ਼ੱਕ ਦੇ ਆਧਾਰ 'ਤੇ ਪੁਲਿਸ ਨੇ ਜਦੋਂ ਇਹਨਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਹ ਕਥਿਤ ਦੋਸ਼ੀ ਉੱਥੋਂ ਭੱਜ ਗਏ। ਪਿੱਛਾ ਕਰਨ 'ਤੇ ਪੁਲਿਸ ਨੇ ਕੁਲਦੀਪ ਸਿੰਘ, ਪਰਵਿੰਦਰ ਸਿੰਘ ਅਤੇ ਰਮਨੀਕ ਨੂੰ ਕਾਬੂ ਕਰ ਲਿਆ, ਜਦਕਿ ਸ਼ੇਖਰ ਅਤੇ ਅਜੇ ਫ਼ਰਾਰ ਦੱਸੇ ਜਾ ਰਹੇ ਹਨ। ਉਕਤ ਕਥਿਤ ਦੋਸ਼ੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਲਈ ਕੰਮ ਕਰਦੇ ਦੱਸੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਮੁਕਤਸਰ ਦੇ ਇਕ ਹੋਰ ਵਿਅਕਤੀ ਵਲੋਂ ਲੁਧਿਆਣਾ ਸ਼ਹਿਰ ਵਿਚ ਧਮਾਕਾ ਕਰਨ ਲਈ ਭੇਜਿਆ ਗਿਆ ਸੀ ਕਿ ਪੁਲਿਸ ਨੇ ਇਹਨਾਂ ਨੂੰ ਕਾਬੂ ਕਰ ਲਿਆ। ਪੁਲਿਸ ਨੇ ਇਹਨਾਂ ਦੇ ਕਬਜ਼ੇ ਵਿਚੋਂ ਇਕ ਹੈਂਡ ਗਰਨੇਡ ਵੀ ਬਰਾਮਦ ਕੀਤਾ ਹੈ। ਪੁਲਿਸ ਇਹਨਾਂ ਪਾਸੋਂ ਪੁੱਛ ਪੜਤਾਲ ਕਰ ਰਹੀ ਹੈ, ਕਈ ਹੋਰ ਪ੍ਰਗਟਾਵੇ ਹੋਣ ਸੰਭਾਵਨਾ ਹੈ।

ਨਵੇਂ ਬਿਲਡਿੰਗ ਬਾਇਲਾਜ਼ ਕੈਬਨਿਟ ਵਲੋਂ...

(ਸਫਾ 1 ਦੀ ਬਾਕੀ)

ਵਾਤਾਵਰਣ ਨੂੰ ਵਧਾਉਣ ਦੇ ਨਾਲ-ਨਾਲ ਕਿਫਾਇਤੀ ਕਰਜ਼ੇ ਤੱਕ ਪਹੁੰਚ ਵਿਚ ਸੁਧਾਰ ਕਰਦਾ ਹੈ।

ਮੰਤਰੀ ਮੰਡਲ ਨੇ ਪੰਜਾਬ 'ਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰਾਂ ਦਾ ਇਲਾਜ ਅਤੇ ਸਲਾਹ ਅਤੇ ਪੁਨਰਵਾਸ ਕੇਂਦਰ ਨਿਯਮ-2025 (ਪੰਜਾਬ ਸਬਸਟਾਂਸ ਯੂਜ਼ ਡਿਸਆਰਡਰ ਟਰੀਟਮੈਂਟ ਐਂਡ ਕੌਂਸਲਿੰਗ ਐਂਡ ਰੀ-ਹੈਬਲੀਟੇਸ਼ਨ ਰੂਲਜ਼-2025) ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਨਿਯਮ ਮੌਜੂਦਾ ਸਾਲ 2011 ਦੇ ਨਿਯਮਾਂ ਅਤੇ ਪਹਿਲੇ ਸੋਧ ਨਿਯਮਾਂ-2020 ਦੀ ਥਾਂ ਲਾਗੂ ਹੋਣਗੇ ਤਾਂ ਜੋ ਪੰਜਾਬ ਭਰ 'ਚ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰਾਂ ਦੇ ਨਿਯਮਾਂ ਨੂੰ ਹੋਰ ਸਖ਼ਤ ਕੀਤਾ ਜਾ ਸਕੇ। ਇਹ ਨਿਯਮ ਸਾਲ 2011 ਦੇ ਨਿਯਮਾਂ ਵਿਚ ਕਮੀਆਂ ਅਤੇ ਸਾਲ 2020 ਵਿਚ ਬਾਅਦ 'ਚ ਕੀਤੇ ਗਏਆਂ ਸੋਧਾਂ ਨੂੰ ਦੂਰ ਕਰਦੇ ਹਨ ਤਾਂ ਜੋ 36 ਸਰਕਾਰੀ ਅਤੇ 177 ਲਾਇਸੰਸਸ਼ੁਦਾ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਦੇ ਨਾਲ-ਨਾਲ ਓਟ ਕਲੀਨਿਕਾਂ ਨੂੰ ਰੈਗੂਲੇਟ ਕਰਨਗੇ। ਇਹ ਕਦਮ ਲਾਇਸੈਂਸਿੰਗ, ਨਵੀਨੀਕਰਨ ਅਤੇ ਨਿਰੀਖਣ ਪ੍ਰਕਿਰਿਆਵਾਂ, ਬਾਇਓਮੈਟ੍ਰਿਕ ਹਾਜ਼ਰੀ ਅਤੇ ਲਾਜ਼ਮੀ ਆਨਲਾਈਨ ਡਾਟਾ ਰਿਪੋਰਟਿੰਗ, ਨ